# ਧੀ ਦਾ ਬਾਬਲ

ਜੇਕਰ ਤੂੰ ਦੁਨੀਆਂ ਦੇ ਦਰਦ ਨੂੰ ਪੀਂਦਾ ਰੱਬਾ
ਲਗਦੈ ਧੀ ਦਾ ਬਾਬਲ ਬਣ ਕੇ ਜੀਂਦਾ ਰੱਬਾ

ਧੀ ਦਾ ਬਾਬਲ ਬਣਿਆ ਨਹੀਂ ਜੋ ਦਰਦ ਕੀ ਜਾਣੇ
ਔਰਤ ਦੇ ਕੋਮਲ ਹਿਰਦੇ ਨੂੰ ਮਰਦ ਕੀ ਜਾਣੇ

ਜਿਦਾਂ ਰਾਖੀ ਫਸਲਾਂ ਦੀ ਕਿਰਸਾਨ ਹੈ ਕਰਦਾ
ਧੀਆਂ ਦੀ ਰਾਖੀ ਬਾਬਲ ਬਣ ਭਗਵਾਨ ਹੈ ਕਰਦਾ

ਦੁਨੀਆਂ ਦੀਆਂ ਨਜ਼ਰਾਂ ਤੋਂ ਧੀ ਬਚਾਣੀ ਪੈਂਦੀ
ਸਕੂਲੋਂ ਘਰ ਤੇ ਘਰੋਂ ਸਕੂਲ ਲਿਆਣੀ ਪੈਂਦੀ

ਰਕਸ਼ਕ ਖੁਦ ਹੀ ਭਕ੍ਸ਼ਕ ਨਾਂ ਹੋ ਜਾਵਣ ਕਿਧਰੇ
ਮਾਲੀ ਹੀ ਨਾਂ ਬਾਗ ਨੂੰ ਅਗ ਲਗਾਵਨ ਕਿਧਰੇ

ਕਿਧਰੇ ਮਸ੍ਲੀਆਂ ਜਾਂਦੀਆਂ ਖਿਲ ਖਿਲਾਂਦੀਆਂ ਕਲੀਆਂ
ਡਰਦੀਆਂ ਕੱਲੀਆਂ ਘਰੋਂ ਬਾਹਰ ਨਾਂ ਜਾਂਦੀਆਂ ਕਲੀਆਂ

ਦਫਤਰ ਵਿਚ ਵੀ ਬਾਸ ਤੋਂ ਬਚ ਕੇ ਰਹਿਣਾ ਪੈਂਦਾ
ਬੱਸਾਂ ਵਿਚ ਵੀ ਗੁੰਡਿਆਂ ਦੇ ਨਾਲ ਖੇਹਣਾ ਪੈਂਦਾ

ਬਾਬਲ ਦਾ ਘਰ ਛਡ ਕੇ ਸਹੁਰੀਂ ਜਾਣਾ ਪੈਂਦਾ
ਤਿਣਕਾ ਤਿਣਕਾ ਜੋੜ ਕੇ ਆਲਣਾ ਪਾਣਾ ਪੈਂਦਾ

ਵਸ ਜਾਵੇ ਤਾਂ ਮਛਲੀ ਪਾਣੀ ਦੇ ਵਿਚ ਰਹਿੰਦੀ
ਵਰਨਾਂ ਬੇਟੀ ਕਾਲੇ ਪਾਣੀ ਦੇ ਵਿਚ ਰਹਿੰਦੀ

ਲੜਕੀ ਦੀ ਸ਼ਾਦੀ ਵੀ ਜੁਆ ਹੋਇਆ ਕਰਦੀ
ਸਹੁਰੇ ਜਾਂਦੀ ਹਸਦੀ ਨਾਲੇ ਰੋਇਆ ਕਰਦੀ

ਹਾਸਾ ਪੱਲੇ ਪੈ ਜੁ ਜਾਂ ਫਿਰ ਰੋਣਾ ਪੇਣਾ
ਸਾਰੀ ਉਮਰਾਂ ਰੋ ਕੇ ਦਿਲ ਲਗੋਨਾ ਪੇਣਾ

ਜਾਂ ਬਗਾਵਤ ਸਹੁਰੇ ਘਰ ਤੋਂ ਕਰਣੀ ਪੇਣੀ
ਜਾਂ ਬੇਜ਼ਤੀ ਤਰ੍ਹਾਂ ਤਰ੍ਹਾਂ ਦੀ ਜਰਨੀ ਪੇਣੀ

ਧੰਨ ਉਹ ਮਾਪੇ ਧੀਆਂ ਦੇ ਜੋ ਨਾਲ ਖੜ੍ਹੋਂਦੇ
ਨਵੇਂ ਸਿਰੇ ਤੋਂ ਉਹਨਾ ਦਾ ਸੰਸਾਰ ਸੰਜੋਂਦੇ

ਜੇਕਰ ਤੂੰ ਦੁਨੀਆਂ ਦੇ ਦਰਦ ਨੂੰ ਪੀਦਾ ਰੱਬਾ
ਲਗਦੈ ਧੀ ਦਾ ਬਾਬਲ ਬਣ ਕੇ ਜੀਂਦਾ ਰੱਬਾ